بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

لَاۤ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਖ਼ਲੀਫ਼ਾ ਰਾਸ਼ਿਦ ਸੱਯਦਨਾ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਸੱਦਗੁਣਾਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ-ਅਜ਼ੀਜ਼, 25 ਨਵੰਬਰ 2022 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَاِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦ, ਤਾਉਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ:

ਹਜ਼ਰਤ ਅਬੂ-ਬਕਰ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਚੱਲ ਰਿਹਾ ਸੀ। ਇਸ ਬਾਰੇ'ਚ ਉਨ੍ਹਾਂ ਦੀ ਲੋਕ ਭਲਾਈ ਅਤੇ ਲੋੜ੍ਹਮੰਦਾ ਨੂੰ ਲੰਗਰ ਛਕਾਉਣ ਬਾਰੇ ਮਿਲਦਾ ਹੈ ਕਿ ਇਸਲਾਮ ਤੋਂ ਪਹਿਲਾਂ ਵੀ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਕੁਰੈਸ਼ ਦੇ ਸ਼ਾਨਦਾਰ ਲੋਕਾਂ'ਚ ਸ਼ਾਮਿਲ ਹੁੰਦੇ ਸਨ। ਲੋਕਾਂ ਨੂੰ ਜੋ ਵੀ ਔਕੜ੍ਹਾਂ ਆਉਂਦੀਆਂ ਸਨ, ਲੋਕ ਉਨ੍ਹਾਂ ਕੋਲ੍ਹ ਮਦਦ ਲਈ ਆਉਂਦੇ ਸਨ। ਮੱਕਾ'ਚ ਵਿਸ਼ਾਲ ਦਾਅਵਤਾਂ ਅਤੇ ਪ੍ਰੋਹਣਾਚਾਰੀ ਕਰਦੇ ਸਨ। ਇਸਲਾਮ ਤੋਂ ਪਹਿਲਾਂ ਵੀ ਕੁਰੈਸ਼ ਦੇ ਸਤਿਕਾਰੀਆਂ ਅਤੇ ਵੱਡੇਰੀਆ'ਚ ਸ਼ਾਮਲ ਹੁੰਦੇ ਸਨ। ਲੋਕ ਆਪਣੇ ਕੰਮਾਂ ਅਤੇ ਮਾਮਲਿਆਂ ਲਈ ਉਨ੍ਹਾਂ ਕੋਲ੍ਹ ਆਉਂਦੇ ਸਨ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਗਰੀਬਾਂ ਅਤੇ ਲੋੜ੍ਹਮੰਦਾ'ਤੇ ਬਹੁਤ ਕਿਰਪਾਲੂ ਸਨ। ਸਿਆਲ'ਚ ਕੰਬਲ ਖ਼ਰੀਦ ਕੇ ਲੋੜ੍ਹਮੰਦਾ'ਚ ਵੰਡਦੇ ਸਨ।

ਇੱਕ ਰਵਾਯਤ ਹੈ ਕਿ ਖ਼ਲੀਫ਼ਾ ਬਣਨ ਤੋਂ ਪਹਿਲਾਂ ਆਪ ਰਜ਼ੀ ਅੱਲਾਹ ਅੰਨਹੋ ਇੱਕ ਕਬੀਲੇ ਦੀ ਬਕਰੀਆਂ ਦਾ ਦੁੱਧ ਕੱਢਦੇ ਸਨ ਅਤੇ ਖ਼ਲੀਫ਼ਾ ਬਣਨ ਮਗਰੋਂ ਵੀ ਛੇ ਮਹੀਨਿਆਂ ਤੱਕ ਪਹਿਲਾਂ ਵਾਂਗ ਇਹ ਸੇਵਾ ਕਰਦੇ ਰਹੇ। ਜਦੋਂ ਤੱਕ ਕਿ ਆਪ ਰਜ਼ੀ ਅੱਲਾਹ ਅੰਨਹੋ ਨੇ ਮਦੀਨੇ'ਚ ਰਹਿਣਾ ਸ਼ੁਰੂ ਨਹੀਂ ਕੀਤਾ। ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਮਦੀਨਾ ਦੇ ਕੰਡੇ'ਤੇ ਰਹਿਣ ਵਾਲੀ ਇੱਕ ਅੰਨ੍ਹੀ ਬੁੱਡੀ ਔਰਤ ਦਾ ਖ਼ਿਆਲ ਰੱਖਦੇ ਸਨ। ਆਪ ਰਜ਼ੀ ਅੱਲਾਹ ਅੰਨਹੋ ਉਸ ਲਈ ਪਾਣੀ ਲੈ ਕੇ ਆਉਂਦੇ। ਉਸ ਦੇ ਕੰਮ-ਕਾਰ ਕਰਦੇ। ਇਕੱ ਵਾਰ ਜਦੋਂ ਆਪ ਰਜ਼ੀ ਅੱਲਾਹ ਅੰਨਹੋ ਉਸ ਦੇ ਘਰ ਗਏ ਤਾਂ ਪਤਾ ਲੱਗਿਆ ਕਿ ਕੋਈ ਬੰਦਾ ਆਪ ਰਜ਼ੀ ਅੱਲਾਹ ਅੰਨਹੋ ਤੋਂ ਪਹਿਲਾਂ ਹੀ ਉਸ ਦੇ ਕੰਮ ਕਰ ਗਿਆ ਹੈ। ਅਗਲੀ ਵਾਰ ਆਪ ਰਜ਼ੀ ਅੱਲਾਹ ਉਸ ਦੇ ਘਰ ਛੇਤੀ ਗਏ ਅਤੇ ਛੁੱਪ ਕੇ ਬਹਿ ਗਏ। ਪਤਾ ਲੱਗਿਆ ਕਿ ਇਹ ਹਜ਼ਰਤ ਅਬੂ ਬਕਰ ਰਜ਼ੀ

ਅੱਲਾਹ ਅੰਨਹੋ ਹਨ। ਜੋ ਉਸ ਬੁੱਢੀ ਦੇ ਘਰ ਆਉਂਦੇ ਸਨ ਅਤੇ ਉਸ ਸਮੇਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਖ਼ਲੀਫ਼ਾ ਸਨ। ਇਸ'ਤੇ ਹਜ਼ਰਤ ਉਮਰ ਨੇ ਕਿਹਾ ਕਿ ਅੱਲਾਹ ਦੀ ਕਸਮ ! ਇਹ ਆਪ ਰਜ਼ੀ ਅੱਲਾਹ ਅੰਨਹੋ ਹੀ ਹੋ ਸਕਦੇ ਸਨ। ਅਰਥਾਤ ਇਸ ਨੇਕੀ'ਚ ਮੈਥੋਂ ਵੱਧਣ ਵਾਲੇ ਆਪ ਰਜ਼ੀ ਅੱਲਾਹ ਅੰਨਹੋ ਹੀ ਹੋ ਸਕਦੇ ਸਨ।

ਇੱਕ ਰਵਾਯਤ ਹੈ ਕਿ ਹਜ਼ਰਤ ਅਬਦੁੱਰ ਰਹਮਾਨ ਬਿਨ ਅਬੀ ਬਕਰ ਰਜ਼ੀ ਅੱਲਾਹ ਅੰਨਹੋ ਨੇ ਦੱਸਿਆ ਕਿ ਇੱਕ ਵਾਰ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜਿਸ ਦੇ ਕੋਲ੍ਹ ਦੋ ਲੋਕਾਂ ਦੀ ਰੋਟੀ ਹੋਵੇ ਉਹ ਤੀਜੇ ਨੂੰ ਲੈ ਜਾਵੇ ਅਤੇ ਜਿਸ ਦੇ ਕੋਲ੍ਹ ਚਾਰ ਦੀ ਰੋਟੀ ਹੋਵੇ। ਉਹ ਪੰਜਵੇਂ ਨੂੰ ਲੈ ਜਾਵੇ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਤਿੰਨ ਬੰਦੀਆਂ ਨੂੰ ਲੈ ਕੇ ਆਏ ਅਤੇ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਦੱਸ ਨੂੰ ਲੈ ਕੇ ਗਏ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਪ੍ਰੋਹਣਿਆਂ ਨੂੰ ਜਿਹੜ੍ਹਾ ਖਾਣਾ ਪੇਸ਼ ਕੀਤਾ। ਉਹ ਪ੍ਰੋਹਣਿਆਂ ਦੇ ਖਾਣ ਮਗਰੋਂ ਵੀ ਬੱਚ ਗਿਆ। ਸਗੋਂ ਪਹਿਲੇ ਤੋਂ ਵੀ ਤਿੰਨ ਗੁਣਾਂ ਵੱਧ ਜਾਪਦਾ ਸੀ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਉਹ ਖਾਣਾ ਲੈ ਕੇ ਨਬੀ ਕਰੀਮ ਸੱਲਲਾਹੋ ਅਲੇਹਿ ਵਸਲੱਮ ਦੇ ਘਰ ਗਏ ਅਤੇ ਉੱਥੇ ਵੀ ਬਥੇਰੇ ਲੋਕਾਂ ਨੇ ਖਾਦਾ। ਇਹ ਬਰਕਤ ਰੱਬ ਨੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਖਾਣੇ'ਚ ਪਾਈ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਬਿਆਨ ਕਰਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਦੇ ਬੇਟੇ ਅਬਦੁਰ ਰਹਮਾਨ ਰਜ਼ੀ ਅੱਲਾਹ ਅੰਨਹੋ ਵੀ ਖ਼ਿਲਾਫ਼ਤ ਦੇ ਯੋਗ ਸਨ। ਲੋਕਾਂ ਨੇ ਕਿਹਾ ਕਿ ਉਨ੍ਹਾਂ ਦਾ ਸੁਭਾ ਹਜ਼ਰਤ ਉਮਰ ਰਜ਼ੀ ਅੱਲਾਹ ਨਾਲੋਂ ਨਰਮ ਹੈ ਅਤੇ ਯੋਗਤਾ ਵੀ ਉਨ੍ਹਾਂ'ਚ ਘੱਟ ਨਹੀਂ। ਉਨ੍ਹਾਂ ਨੂੰ ਆਪ ਰਜ਼ੀ ਅੱਲਾਹ ਅੰਨਹੋ ਮਗਰੋਂ ਖ਼ਲੀਫ਼ਾ ਬਣਨਾ ਚਾਹੀਦਾ ਹੈ। ਪਰ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਨੂੰ ਹੀ ਖ਼ਿਲਾਫ਼ਤ ਲਈ ਯੋਗ ਸਮਝਿਆ ਜੱਦ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਦੀ ਸੋਚ ਨਹੀਂ ਰਲਦੀ ਸੀ ਸੋ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਖ਼ਿਲਾਫ਼ਤ ਤੋਂ ਕੋਈ ਆਪਣਾ ਲਾਭ ਨਹੀਂ ਚੁੱਕਿਆ। ਸਗੋਂ ਆਪ ਰਜ਼ੀ ਅੱਲਾਹ ਲੋਕ ਭਲਾਈ'ਚ ਹੀ ਵੱਡਿਆਈ ਖ਼ਿਆਲ ਕਰਦੇ ਸਨ।

ਸੋਫ਼ਿਆ ਦੀ ਇੱਕ ਰਵਾਯਤ ਹੈ ਕਿ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਨੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਦੇ ਇੱਕ ਗ਼ੁਲਾਮ ਨੂੰ ਪੁੱਛਿਆ ਕਿ ਕਿਹੜ੍ਹਾ ਕੰਮ ਤੇਰਾ ਮਾਲਕ ਕਰਦਾ ਸੀ ਤਾਂ ਮੈਂ ਵੀ ਕਰ। ਗ਼ੁਲਾਮ ਨੇ ਦੱਸਿਆ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਰੋਜ਼ ਰੋਟੀ ਲੈ ਕੇ ਉਸ ਕੋਲ੍ਹ ਜਾਂਦੇ ਸਨ। ਸੋ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਉਸ ਗ਼ੁਲਾਮ ਨਾਲ ਉਸ ਪਾਸੇ ਰੋਟੀ ਲੈ ਕੇ ਤੁਰ ਪਏ। ਕੀ ਵੇਖਦੇ ਹਨ ਕਿ ਇੱਕ ਗ਼ੁਫ਼ਾ'ਚ ਇੱਕ ਲੂਲਾ ਅੰਨ੍ਹਾਂ ਜਿਸ ਦੇ ਹੱਥ ਪੈਰ ਨਹੀਂ, ਰਹਿੰਦਾ ਹੈ। ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਨੇ ਉਸ ਦੇ ਮੂੰਹ'ਚ ਇੱਕ ਬੁਰਕੀ ਪਾਈ ਤਾਂ ਉਹ ਰੋ ਪਿਆ ਅਤੇ ਕਹਿਣ ਲੱਗਾ ਕਿ ਰੱਬ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ'ਤੇ ਰਹਿਮ ਕਰੇ। ਉਹ ਵੀ ਕੀ ਬੰਦਾ ਸੀ। ਹਜ਼ਰਤ ਉਮਰ ਰਜ਼ੀ ਅੱਲਾਹ ਨੇ ਪੁੱਛਿਆ ਕਿ ਤੈਨੂੰ ਕਿਵੇਂ ਪਤਾ ਲੱਗਿਆ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਦਾ ਆਕਾਲ

ਚਲਾਣਾ ਹੋ ਗਿਆ ਹੈ ? ਉਸ ਨੇ ਕਿਹਾ ਕਿ ਮੇਰੇ ਮੂੰਹ'ਚ ਦੰਦ ਨਹੀਂ ਹਨ । ਇਸ ਲਈ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਚਬੱ ਕੇ ਮੇਰੇ ਮੂੰਹ'ਚ ਪਾਉਂਦੇ ਸਨ । ਅੱਜ ਬੁਰਕੀ ਸਖ਼ਤ ਹੈ । ਇਸ ਲਈ ਮੈਂ ਖ਼ਿਆਲ ਕੀਤਾ ਕਿ ਮੇਰੇ ਮੂੰਹ'ਚ ਬੁਰਕੀ ਪਾਉਣ ਵਾਲਾ ਕੋਈ ਹੋਰ ਹੈ । ਅਬੂ ਬਕਰ ਰਜ਼ੀ ਅੱਲਾਹ ਅੰਨਹੋ ਕਦੇ ਵੀ ਨਾਗਾ ਨਹੀਂ ਕਰਦੇ ਸਨ । ਹੁਣ ਜੋ ਨਾਗਾ ਹੋਇਆ ਤਾਂ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਇਸ ਦੁਨੀਆਂ'ਚ ਨਹੀਂ ਰਹੇ । ਸੋ ਉਹ ਕਿਹੜ੍ਹੀ ਚੀਜ਼ ਹੈ ਜੋ ਬਾਦਸ਼ਾਹਤ'ਚੋਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਨੇ ਪ੍ਰਾਪਤ ਕੀਤੀ ਹੈ ? ਇੱਕ ਮਾਣ ਸੀ, ਜੋ ਉਨ੍ਹਾਂ ਨੂੰ ਸੇਵਾ ਰਾਹੀਂ ਪ੍ਰਾਪਤ ਹੋਇਆ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਦਾ ਹੱਕ ਅਤੇ ਬੰਦੀਆਂ ਦਾ ਹੱਕ ਸ਼ਰੀਅਤ ਦੇ ਦੋ ਟੁਕੜ੍ਹੇ ਹਨ । ਆਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਵੱਲ੍ਹ ਵੇਖੋ ਕਿ ਕਿਨ੍ਹੀ ਉਮਰ ਸੇਵਾ'ਚ ਹੰਡਾਈ । ਹਜ਼ਰਤ ਅਲੀ ਦੀ ਹਾਲਤ ਵੇਖੋ ਕਿ ਇਨ੍ਹੇ ਟੋਟੇ ਲਾਏ ਕਿ ਥਾਂ ਨਹੀਂ ਰਹੀ । ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਇੱਕ ਬੁੱਢੀ ਨੂੰ ਹਲਵਾ ਖ਼ਵਾਉਣ ਦਾ ਤਰੀਕ ਬਣਾ ਰੱਖਿਆ ਸੀ । ਗੌਰ ਕਰੋ ਕਿ ਇਹ ਕਿਨ੍ਹਾਂ ਪੱਕਾ ਸੀ । ਜੱਦ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਅਕਾਲ ਚਲਾਣਾ ਕਰ ਗਏ ਤਾਂ ਉਸ ਬੁੱਢੀ ਨੇ ਕਿਹਾ ਕਿ ਅੱਜ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਮਰ ਗਏ । ਗੁਆਂਢੀਆਂ ਨੇ ਪੁੱਛਿਆ ਕਿ ਤੈਨੂੰ ਆਕਾਸ਼ਬਾਣੀ ਹੋਈ ਹੈ । ਉਸ ਨੇ ਕਿਹਾ ਨਹੀਂ । ਸਗੋਂ ਅੱਜ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਹਲਵਾ ਲੈ ਕੇ ਨਹੀਂ ਆਏ । ਇਸ ਲਈ ਮਾਲੂਮ ਹੋਇਆ ਕਿ ਉਹ ਮਰ ਗਏ ਹਨ । ਅਰਥਾਤ ਜਿੰਦਗੀ'ਚ ਮੁਮਕਿਨ ਨਹੀਂ ਸੀ ਕਿ ਕਿਸੇ ਹਾਲ'ਚ ਵੀ ਹਲਵਾ ਨਾ ਆਏ । ਵੇਖੋ ਕਿਨ੍ਹੀ ਸੇਵਾ ਸੀ । ਇੰਝ ਹੀ ਸਾਰੀਆਂ ਨੂੰ ਚਾਹੀਦਾ ਹੈ ਕਿ ਸੇਵਾ ਕਰੇ ।

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਬਹਾਦਰੀ ਦੀ ਮੂਰਤ ਸਨ । ਵੱਡੇ ਵੱਡੇ ਖਤਰੇ ਦੀ ਇਸਲਾਮ ਦੀ ਖਾਤਰ ਜਾਂ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਦੇ ਇਸ਼ਕ ਕਰਕੇ ਚਿੰਤਾ ਨਹੀਂ ਕਰਦੇ ਸਨ । ਮੱਕੀ ਜ਼ਿੰਦਗੀ'ਚ ਜੱਦ ਉਨ੍ਹਾਂ ਨੇ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਦੀ ਜ਼ਾਤ ਲਈ ਤਕਲੀਫ਼ ਜਾਂ ਖਤਰੇ ਦਾ ਮੌਕਾ ਵੇਖਿਆ । ਤਾਂ ਆਪ ਸੱਲਲਾਹੋ ਅਲੈਹਿ ਵਸਲੱਮ ਦੀ ਰਾਖੀ ਲਈ ਦੀਵਾਰ ਬਣ ਕੇ ਸਾਮ੍ਹਣੇ ਖੜ੍ਹੇ ਹੋ ਜਾਂਦੇ । ਸ਼ੋਇਬ ਅਬੀ ਤਾਲਿਬ'ਚ ਤਿੰਨ ਸਾਲ ਤੱਕ ਗ਼ੁਲਾਮੀ ਦਾ ਜ਼ਮਾਨਾ ਆਇਆ । ਤਾਂ ਸਾਬਤ ਕਦਮ ਰਹੇ ਅਤੇ ਸੰਜਮਤਾ ਨਾਲ ਉੱਥੇ ਹੀ ਰਹੇ । ਹਿਜਰਤ ਦੇ ਦੌਰਾਨ ਵੀ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਸਾਥੀ ਹੋਣ ਦਾ ਮਾਣ ਪ੍ਰਾਪਤ ਹੋਇਆ । ਜੱਦ ਕਿ ਜਾਨ ਦਾ ਖਤਰਾ ਸੀ । ਜਿਨ੍ਹੀਆਂ ਵੀ ਜੰਗਾਂ ਹੋਇਆ ਨ ਕੇਵਲ ਆਪ ਰਜ਼ੀ ਅੱਲਾਹ ਅੰਨਹੋ ਉਨ੍ਹਾਂ'ਚ ਸ਼ਾਮਿਲ ਹੋਏ । ਸਗੋਂ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਦੀ ਰਾਖੀ ਦਾ ਫ਼ਰਜ਼ ਵੀ ਪੂਰਾ ਕਰਦੇ ।

ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੇ ਇੱਕ ਵਾਰ ਲੋਕਾਂ ਨੂੰ ਪੁੱਛਿਆ ਕਿ ਸਭ ਤੋਂ ਵੱਧ ਬਹਾਦਰ ਕੌਣ ਹੈ । ਤਾਂ ਲੋਕਾਂ ਨੇ ਕਿਹਾ ਕਿ ਆਪ ਰਜ਼ੀ ਅੱਲਾਹ ਅੰਨਹੋ । ਪਰ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੇ ਫ਼ਰਮਾਇਆ ਕਿ ਸਭ ਤੋਂ ਬਹਾਦਰ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਹਨ । ਕਿਉਂਕਿ ਜੰਗੇ ਬਦਰ'ਚ ਅਬੂ ਬਕਰ ਰਜ਼ੀ ਅੱਲਾਹ ਅੰਨਹੋ, ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਕੋਲ੍ਹ ਤਲਵਾਰ ਲੈ ਕੇ ਖੜ੍ਹੇ ਰਹੇ

ਕਿ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਕੋਲ੍ਹ ਕੋਈ ਮੁਸ਼ਰਿਕ ਪਹੁੰਚਣ ਤੋਂ ਪਹਿਲਾਂ ਆਪ ਰਜ਼ੀ ਅੱਲਾਹ ਨਾਲ ਮੁਕਾਬਲਾ ਕਰੇ। ਇੰਝ ਹੀ ਜੰਗੇ ਓਹਦ'ਚ ਜਦੋਂ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੀ ਸ਼ਹਾਦਤ ਦੀ ਅਫਵਾਹ ਫ਼ੈਲ੍ਹੀ ਤਾਂ ਸਭ ਤੋਂ ਪਹਿਲਾਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਭੀੜ੍ਹ ਨੂੰ ਚੀਰਦੇ ਹੋਏ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਕੋਲ੍ਹ ਪਹੁੰਚੇ। ਕਿਹਾ ਜਾਂਦਾ ਹੈ ਕਿ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਕੋਲ੍ਹ ਉਸ ਸਮੇਂ ਕੇਵਲ ਗਿਆਰਾਂ ਸਹਾਬੀ ਮੌਜੂਦ ਸਨ। ਜਿਨ੍ਹਾਂ'ਚ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦਾ ਨਾਂ ਵੀ ਆਉਂਦਾ ਹੈ। ਜੰਗੇ ਓਹਦ'ਚ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਪਹਿਰੇ'ਚ ਘਾਟੀ'ਤੇ ਮੌਜੂਦ ਕੁੱਝ ਲੋਕਾਂ'ਚ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਵੀ ਸਨ। ਜੰਗੇ ਖ਼ੰਦਕ'ਚ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ, ਰਸੂਲੁੱਲਾਹ ਸੱਲਲਾਹ ਅਲੈਹਿ ਵਸਲੱਮ ਨਾਲ ਸੀ। ਸੁਲਹਾ ਹਦੀਬੀਆ ਦੇ ਮੌਕੇ'ਤੇ ਜਾਨ ਨਿਛਾਵਰ ਕਰਨ ਲਈ ਬੈਅਤ ਕਰਨ ਵਾਲੀਆਂ'ਚ ਤਾਂ ਆਪ ਰਜ਼ੀ ਅੱਲਾਹ ਅੰਨਹੋ ਸ਼ਾਮਿਲ ਹੀ ਸਨ। ਪਰ ਸੁਲਹਾ ਹਦੀਬੀਆ'ਚ ਵੀ ਜੱਦ ਮਾਇਦਾਹ ਲਿੱਖਿਆ ਗਿਆ ਤਾਂ ਜਿਸ ਈਮਾਨੀ ਬਹਾਦਰੀ ਅਤੇ ਸੰਜਮਤਾ ਅਤੇ ਦੂਰ ਅੰਦੇਸ਼ੀ ਅਤੇ ਆਗਿਆ ਪਾਲਣਾ ਅਤੇ ਰਸੂਲੁੱਲਾਹ ਸੱਲਲਾਹੋ ਨਾਲ ਇਸ਼ਕ ਦਾ ਨਮੂਨਾ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਨੇ ਪੈਸ਼ ਕੀਤਾ। ਹਜ਼ਰਤ ਉਮਰ ਰਜ਼ੀ ਅੱਲਾਹ ਆਪਣੇ ਬਾਦ ਦੇ ਜੀਵਨ'ਚ ਵੀ ਉਸ ਨੂੰ ਨਹੀਂ ਭੁੱਲੇ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਬਿਆਨ ਕਰਦੇ ਹਨ ਕਿ ਇੱਕ ਵਾਰ ਕੁਫ਼ਾਰ ਨੇ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਗਲ੍ਹੇ'ਚ ਪਟਕਾ ਪਾ ਕੇ ਖਿੱਚਣਾ ਸ਼ੁਰੂ ਕੀਤਾ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਇਸ ਗੱਲ੍ਹ ਦਾ ਪਤਾ ਲੱਗਿਆ ਤਾਂ ਦੌੜ੍ਹਦੇ ਹੋਏ ਗਏ ਅਤੇ ਕੁਫ਼ਾਰ ਨੂੰ ਹਟਾ ਕੇ ਫ਼ਰਮਾਇਆ ਕਿ ਹੇ ਲੋਕੋਂ ! ਤੁਹਾਨੂੰ ਰੱਬ ਦਾ ਖ਼ੌਫ਼ ਨਹੀਂ। ਤੁਸੀਂ ਇੱਕ ਬੰਦੇ ਨੂੰ ਕੇਵਲ ਇਸ ਲਈ ਮਾਰਦੇ ਕੁਟੱਦੇ ਹੋ ਕਿ ਉਹ ਕਹਿੰਦਾ ਹੈ ਕਿ ਅੱਲਾਹ ਮੇਰਾ ਰੱਬ ਹੈ। ਉਹ ਤੁਹਾਡੇ'ਤੋਂ ਕੋਈ ਜਾਇਦਾਦ ਨਹੀਂ ਮੰਗਦਾ ਤਾਂ ਫ਼ਿਰ ਕਿਉਂ ਉਸ ਨੂੰ ਮਾਰਦੇ ਹੋ। ਸਹਾਬਾ ਰਜ਼ੀ ਅੱਲਾਹ ਅੰਨਹੋ ਕਹਿੰਦੇ ਹਨ ਕਿ ਅਸੀਂ ਆਪਣੇ ਜ਼ਮਾਨੇ'ਚ ਸਭ ਤੋਂ ਬਹਾਦਰ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਨੂੰ ਸਮਝਦੇ ਸਨ। ਕਿਉਂਕਿ ਦੁਸ਼ਮਨ ਜਾਣਦਾ ਸੀ ਕਿ ਜੇਕਰ ਮੁੰਹਮਦ ਸੱਲਲਾਹੋ ਅਲੈਹਿ ਵਸਲੱਮ ਨੂੰ ਮਾਰ ਲਿਆ ਤਾਂ ਇਸਲਾਮ ਖ਼ਤਮ ਹੋ ਜਾਵੇਗਾ ਅਤੇ ਅਸੀਂ ਵੇਖਿਆ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਸਦਾ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਕੋਲ੍ਹ ਖੜ੍ਹੇ ਹੁੰਦੇ ਸਨ। ਤਾਂ ਜੋ ਕੋਈ ਆਪ ਸੱਲਲਾਹੋ ਵਸਲੱਮ'ਤੇ ਹਮਲਾ ਕਰੇ। ਤਾਂ ਉਸ ਦੇ ਸਾਮ੍ਹਣੇ ਆਪਣੀ ਛਾਤੀ ਕਰਣ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਜਿਵੇਂ ਜਿਬਰਾਈਲ ਬੈਤੁਲ ਮਕਦਸ ਦੇ ਸਫ਼ਰ'ਚ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨਾਲ ਸੀ। ਇੰਝ ਹੀ ਹਿਜਰਤ'ਚ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਆਪ ਸੱਲਲਾਹੋ ਅਲੈਹਿ ਵਸਲੱਮ ਨਾਲ ਸਨ। ਉਹ ਇੰਝ ਆਪ ਦੇ ਆਗਿਆਕਾਰ ਸਨ ਜਿਵੇਂ ਜਿਬਰਾਈਲ ਰੱਬ ਦੇ ਹੇਠਾਂ ਕੰਮ ਕਰਦਾ ਹੈ। ਜਿਬਰਾਈਲ ਦੇ ਅਰਥ ਰੱਬ ਦੇ ਪਹਿਲਵਾਨ ਦੇ ਹੁੰਦੇ ਹਨ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਵੀ ਰੱਬ ਦੇ ਖ਼ਾਸ ਬੰਦੇ ਸਨ ਅਤੇ ਦੀਨ ਲਈ ਇੱਕ

ਨਿਡਰ ਪਹਿਲਵਾਨ ਵਾਂਗ ਸਨ । ਆਂਹਜ਼ਰਤ ਸੱਲਲਾਹੋ ਨੇ ਆਪਣੀ ਮੌਤ ਤੋਂ ਪਹਿਲਾਂ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹੋ ਨੂੰ ਫ਼ਰਮਾਇਆ ਕਿ ਮੇਰੇ ਦਿਲ੍ਹ'ਚ ਵਾਰ ਵਾਰ ਇਹ ਇੱਛਾ ਉੱਠਦੀ ਹੈ ਕਿ ਮੈਂ ਲੋਕਾਂ ਨੂੰ ਕਹਾਂ ਕਿ ਉਹ ਮੇਰੇ ਬਾਦ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਖ਼ਲੀਫ਼ਾ ਬਣਾ ਲੈਣ । ਪਰ ਫ਼ਿਰ ਰੁੱਕ ਜਾਂਦਾ ਹਾਂ । ਕਿਉਂਕਿ ਮੇਰਾ ਦਿਲ੍ਹ ਜਾਣਦਾ ਹੈ ਕਿ ਮੇਰੇ ਮਗਰੋਂ ਰੱਬ ਅਤੇ ਉਸ ਦੇ ਮੋਮਿਨ ਬੰਦੇ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਖ਼ਲੀਫ਼ਾ ਨਹੀਂ ਚੁਣਨਗੇ । ਸੋ ਇੰਝ ਹੀ ਹੋਇਆ ।

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਆਪਣੀ ਜਿੰਦਗੀ'ਚ ਜੋ ਕੰਮ ਕੀਤਾ । ਉਹ ਉਨ੍ਹਾਂ ਦਾ ਹੀ ਹਿੱਸਾ ਸੀ । ਕੋਈ ਹੋਰ ਉਹ ਕੰਮ ਨਹੀਂ ਕਰ ਸਕਦਾ ਸੀ । ਭਾਵੇਂ ਆਪ ਰਜ਼ੀ ਅੱਲਾਹ ਅੰਨਹੋ ਬਹੁਤ ਨਰਮ ਦਿਲ੍ਹ ਸਨ । ਪਰ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੇ ਅਕਾਲ ਚਲਾਣੇ ਮਗਰੋਂ ਜਦੋਂ ਕੁੱਝ ਲੋਕਾਂ ਨੇ ਜ਼ਕਾਤ ਦੇਣ ਤੋਂ ਇਨਕਾਰ ਕਰ'ਤਾ । ਕਰੀਬ ਕਰੀਬ ਸਾਰਾ ਅਰਬ ਇਸਲਾਮ ਛੱਡ ਗਿਆ ਅਤੇ ਅਜੀਹੇ ਕਮਜ਼ੋਰ ਸਮੇਂ'ਚ ਹਜ਼ਰਤ ਉਮਰ ਰਜ਼ੀ ਅੱਲਾਹ ਅਤੇ ਹੋਰ ਸਹਾਬੀਆਂ ਨੇ ਵੀ ਇਹੀ ਕਿਹਾ ਕਿ ਉਨ੍ਹਾਂ ਨਾਲ ਨਰਮੀ ਕੀਤੀ ਜਾਵੇ । ਪਹਿਲਾਂ ਕਾਫ਼ਰਾਂ ਨੂੰ ਹੇਠਾਂ ਕਰ ਲੈਣ । ਫ਼ਿਰ ਉਨ੍ਹਾਂ ਨੂੰ ਠੀਕ ਕਰਾਂਗੇ । ਪਰ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਫ਼ਰਮਾਇਆ ਕਿ ਇਬਨੇ ਕਹਾਫ਼ਾ ਦੀ ਕੀ ਔਕਾਤ ਹੈ ਕਿ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੇ ਦਿੱਤੇ ਹੁਕਮ ਨੂੰ ਬਦਲ ਦੇਵੇ । ਮੈਂ ਤਾਂ ਉਨ੍ਹਾਂ ਤੋਂ ਉਦੋਂ ਤੱਕ ਲੜ੍ਹਾਂਗਾ । ਜਦੋਂ ਤੱਕ ਇਹ ਲੋਕ ਪੂਰੀ ਤਰ੍ਹਾਂ ਜ਼ਕਾਤ ਨਾ ਦੇਣ । ਉਸ ਸਮੇਂ ਪਤਾ ਲੱਗਿਆ ਕਿ ਰੱਬ ਦਾ ਬਣਾਇਆ ਖ਼ਲੀਫ਼ਾ ਕਿਵੇਂ ਬਹਾਦਰੀ ਅਤੇ ਦਲੇਰੀ ਰੱਖਦਾ ਹੈ । ਅੰਤ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਉਨ੍ਹਾਂ ਨੂੰ ਹੇਠਾਂ ਕੀਤਾ ਅਤੇ ਉਨ੍ਹਾਂ ਤੋਂ ਜ਼ਕਾਤ ਲੈ ਕੇ ਛੱਡੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸਹਾਬਾ ਦੀ ਹਾਲਤ ਵੇਖੋ ਕਿ ਜਦੋਂ ਦੇਣ ਦਾ ਸਮਾਂ ਆਇਆ । ਤਾਂ ਜੋ ਕੁੱਝ ਕਿਸੇ ਕੋਲ੍ਹ ਸੀ । ਰੱਬ ਦੀ ਰਾਹ'ਚ ਦਿੱਤਾ । ਹਜ਼ਰਤ ਅਬੂ ਬਕਰ ਸਦੀਕ ਰਜ਼ੀ ਅੱਲਾਹ ਅੰਨਹੋ ਕੰਬਲ ਪਾ ਕੇ ਆ ਗਏ । ਅਰਥਾਤ ਕੇਵਲ ਇੱਕ ਕੰਬਲ ਪਾ ਲਿਆ ਅਤੇ ਸਭ ਕੁੱਝ ਰੱਬ ਦੀ ਰਾਹ'ਚ ਕੁਰਬਾਨ ਕਰ'ਤਾ । ਫ਼ਿਰ ਰੱਬ ਨੇ ਉਸ ਦਾ ਬਦਲਾ ਵੀ ਦਿੱਤਾ । ਅਰਥਾਤ ਇਹ ਹੈ ਅਸਲ ਖ਼ੂਬੀ ਕਿ ਭਲਾਈ ਅਤੇ ਅਧਿਆਤਮਿਕ ਸੁਆਦ ਲੈਣ ਲਈ ਉਹ ਹੀ ਮਾਲ ਕੰਮ ਆ ਸਕਦਾ ਹੈ । ਜੋ ਰੱਬ ਦੀ ਰਾਹ'ਚ ਖ਼ਰਚ ਕੀਤਾ ਜਾਵੇ ।

ਹਜ਼ੂਰੇ ਅਨਵਰ ਨੇ ਅੰਤ'ਚ ਫ਼ਰਮਾਇਆ ਕਿ ਬਾਕੀ ਜ਼ਿਕਰ ਬਾਦ'ਚ ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ
اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ
بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔